# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 28.07.2023 ਨੂੰ ਬਾਅਦ ਦੁਪਹਿਰ 3.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ।

| | |
|---|---|
| ਸ਼੍ਰੀਮਤੀ ਰਮਨ ਗੋਇਲ<br>ਮੇਅਰ | ਸ਼੍ਰੀ ਰਾਹੁਲ, ਆਈ.ਏ.ਐਸ.<br>ਕਮਿਸ਼ਨਰ |
| ਸ਼੍ਰੀ ਅਸ਼ੋਕ ਕੁਮਾਰ<br>ਸੀਨੀਅਰ ਡਿਪਟੀ ਮੇਅਰ | ਸ੍ਰ: ਹਰਮੰਦਰ ਸਿੰਘ<br>ਡਿਪਟੀ ਮੇਅਰ |
| ਸ਼੍ਰੀ ਬਲਜਿੰਦਰ ਸਿੰਘ<br>ਮੈਂਬਰ ਐਫ.ਐਂਡ ਸੀ.ਸੀ. | ਸ਼੍ਰੀਮਤੀ ਪ੍ਰਵੀਨ ਗਰਗ<br>ਮੈਂਬਰ ਐਫ.ਐਂਡ ਸੀ.ਸੀ. |

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>507</td><td>ਏਜੰਡਾ ਨੰ: 1:<br><br>ਐਫ.ਐਂਡ ਸੀ.ਸੀ.ਦੀ ਮੀਟਿੰਗ ਮਿਤੀ 27.06.2023 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 27.06.2023 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>508</td><td>ਏਜੰਡਾ ਨੰਬਰ 2 :<br><br>ਰਿਪੋਰਟ ਬਾਗਬਾਨੀ ਸ਼ਾਖਾ ਕਿ ਬਠਿੰਡਾ ਸ਼ਹਿਰ ਵਿੱਚ Rose Garden ਦੇ ਸਾਹਮਣੇ ਖਾਲੀ ਪਈ ਜਮੀਨ ਉਪਰ Botanical Garden ਬਣਾਇਆ ਜਾਣਾ ਹੈ ਇਸ ਲਈ ਨਗਰ ਨਿਗਮ ਵਲੋਂ Architectural & Engineering Consulancty ਫਰਮ ਪਾਸੋਂ ਈ-ਟੈਂਡਰ ਮੰਗਿਆ ਗਿਆ ਸੀ । ਜਿਸ ਵਿੱਚ 2 ਫਰਮਾਂ APITCO Ltd. ਅਤੇ Studio Aureole ਵਲੋਂ ਭਰਿਆ ਗਿਆ ਸੀ ਅਤੇ ਇਹਨਾਂ ਦੋਹਾਂ ਫਰਮਾਂ ਨੂੰ ਮਿਤੀ 26.06.2023 ਰਾਂਹੀ DPR Presentation & Design and Exact Cost ਸਮੇਤ ਬੁਲਇਆ ਗਿਆ ਸੀ।ਇਹਨਾਂ ਦੋਹਾਂ ਫਰਮਾਂ ਵਲੋਂ ਮਿਤੀ 26.06.2023 ਨੂੰ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ Presentation ਦਿੱਤੀ ਗਈ। ਇਸ ਅਨੁਸਾਰ ਦੋਹਾਂ ਫਰਮਾਂ ਦੀ RPF ਮੁਤਾਬਕ ਟੈਕਨਿਕਲ ਵੈਲੁਏਸ਼ਨ ਕੀਤੀ ਗਈ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:-

| **Particulars** | **Marks** | Marks Obtained By APITCO Ltd. | Marks Obtained By Studio Aureole |
|---|---|---|---|
| Work Experience | 20 | 15 | 15 |
| Designing Concept - DPR including concept Design, Drawings, and Simulation reports | 40 | 29 | 34 |
| Presentation through PowerPoint of the proposed design idea | 20 | 10 | 15 |
| Marks for Estimated Total Project Cost | 20 | 0 | 7.2 |
| **Total Marks** | **100** | 54 | 71.2 |

ਇਸ ਤਰ੍ਹਾਂ ਉਕਤ Technical Evaluation ਅਨੁਸਾਰ Studio Aureole ਨੂੰ ਯੋਗ ਪਾਇਆ ਗਿਆ ਹੈ ਜੋ ਕਿ ਅਗਲੇਰੀ ਕਾਰਵਾਈ ਅਵਾਰਡ ਆਫ ਕੰਟਰੈਕਟ ਦੇਣ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
</table>

| | | | |
|---|---|---|---|
| 3 | 509 | **ਏਜੰਡਾ ਨੰਬਰ 3 :** | |

ਰਿਪੋਰਟ ਵਰਕਸ ਸ਼ਾਖਾ ਕਿ **Procurement of Design Consultancy and Engineering Consultancy Services for Design & Construction of Super ECBC Green Building of Municipal Corporation, Bathinda at Civil Lines, Bathinda, Punjab** ਅਧੀਨ ਕੰਮ ਲਈ ਨਗਰ ਨਿਗਮ ਵੱਲੋਂ ਮਿਤੀ 9.6.2023 ਤੱਕ ਟੈਂਡਰ ਮੰਗੇ ਗਏ ਸਨ। ਇਨ੍ਹਾਂ ਟੈਂਡਰਾਂ ਦੌਰਾਨ ਕੁੱਲ 4 ਫਰਮਾਂ ਦੀਆਂ ਬਿੱਡ ਪ੍ਰਾਪਤ ਹੋਈਆਂ ਹਨ। ਪ੍ਰਾਪਤ ਬਿੱਡਾਂ ਦੀ Bid evaluation ਦੌਰਾਨ ਇੱਕ ਫਰਮ ਦੇ ਅਯੋਗ ਹੋਣ ਕਾਰਣ ਹੇਠ ਲਿਖੀਆਂ ਤਿੰਨ ਫਰਮਾਂ ਨੂੰ ਦਫਤਰ ਵੱਲੋਂ ਈਮੇਲ ਰਾਹੀਂ ਮਿਤੀ 20.6.2023 ਰਾਹੀਂ ਮਿਤੀ 4.7.2023 ਨੂੰ ਆਪਣੀ Presentation ਦੇਣ ਲਈ ਦਫਤਰ ਨਗਰ ਨਿਗਮ ਵਿਖੇ ਬੁਲਾਇਆ ਗਿਆ ਸੀ।

1. Green Tree Building Energy Pvt. Ltd.
2. M/s Designers Consortium Pvt. Ltd.
3. Creative Consortium

ਫਰਮਾਂ ਵੱਲੋਂ ਦਿੱਤੀ ਜਾਣ ਵਾਲੀ Presentation ਦੀ evaluation ਕਰਨ ਲਈ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਆਪਣੇ ਪੱਤਰ ਨੰ: 118 ਮਿਤੀ 13.6.2023 ਰਾਹੀਂ ਆਪਣੀ ਪ੍ਰਧਾਨਗੀ ਹੇਠ ਇੱਕ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਉਕਤ ਫਰਮਾਂ ਵੱਲੋਂ ਇਸ ਕਮੇਟੀ ਦੇ ਸਾਹਮਣੇ ਮਿਤੀ 4.7.2023 ਨੂੰ ਆਪਣੀ Presentation ਦਿੱਤੀ ਗਈ। ਕਮੇਟੀ ਮੈਂਬਰਾਂ ਵੱਲੋਂ ਸਾਂਝੇ ਤੌਰ ਤੇ evaluation ਕੀਤੀ ਗਈ ਹੈ।

| **A. Work Experience** | | | | | | |
|---|---|---|---|---|---|---|
| **Sections** | **Parameters** | **Key Point of the review** | **Max. Marks** | **Marks Obtained** | | |
| | | | | **Green Tree** | **Designers Consortium** | **Creative Consortium** |
| | | Total Part A | 20 | 20 | 16 | 16 |
| B. Designing Concept | | | | | | |
| | | Total Part B | 40 | 28 | 34.50 | 20 |
| C. Presentation | | | | | | |
| | | Detailed Presentation | 20 | 15 | 18 | 14 |

<table>
<tr>
<td></td>
<td></td>
<td>
<table>
<tr><td colspan="7">D. Cost Estimate</td></tr>
<tr><td></td><td></td><td>Detailed of Rough Cost Estimate</td><td>20</td><td>20</td><td>16</td><td>16</td></tr>
<tr><td></td><td></td><td>Grand Total (A+B+C+D)</td><td>100</td><td>83</td><td>84.50</td><td>66</td></tr>
</table>
<br>
ਉਕਤ ਦਿੱਤੇ ਗਏ ਨੰਬਰਾਂ ਅਨੁਸਾਰ M/s Designers Consortium Pvt. Ltd. ਦੇ ਵੱਲੋਂ ਹਾਸਿਲ ਕੀਤੇ ਗਏ ਨੰਬਰ 84.50/100 ਸਭ ਤੋਂ ਵੱਧ ਹਨ। ਇਸ ਲਈ M/s Designers Consortium Pvt. Ltd. ਨੂੰ ਨਗਰ ਨਿਗਮ ਬਠਿੰਡਾ ਦੇ Design Consultancy ਦਾ ਕੰਮ ਅਲਾਟ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>4</td>
<td>510</td>
<td>
<u>ਏਜੰਡਾ ਨੰਬਰ 4 :</u>
<br><br>
ਰਿਪੋਰਟ ਤਹਿਬਾਜਾਰੀ ਸ਼ਾਖਾ ਕਿ Leasing out of parking spaces of Mall Road and MLCP ਅਧੀਨ ਕੰਮ ਇਸ ਦਫਤਰ ਦੇ ਵਰਕ ਆਰਡਰ ਨੰਬਰ 17/2023 ਮਿਤੀ 21.06.2023ਰਾਹੀਂ ਗੁਰਮੇਲ ਸਿੰਘ ਵਿਰਕ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਹੈ। ਇਸ ਕੰਮ ਤਹਿਤ ਠੇਕੇਦਾਰ ਵੱਲੋਂ ਮਲਟੀਲੇਵਲ ਕਾਰ ਪਾਰਕਿੰਗ ਅਤੇ ਮਾਲ ਰੋਡ ਤੇ ਬਣਾਏ ਡੈਡੀਕੈਟਡ ਪਾਰਕਿੰਗ ਸਪੇਸਜ਼ ਵਿਖੇ ਵਾਹਨਾਂ ਦੀ ਪਾਰਕਿੰਗ ਕਰਵਾਈ ਜਾ ਰਹੀ ਹੈ। ਇਸ ਦੇ ਨਾਲ ਹੀ ਠੇਕੇਦਾਰ ਵੱਲੋਂ ਟੈਂਡਰ ਦੀਆਂ ਸ਼ਰਤਾਂ ਮੁਤਾਬਿਕ ਗਲਤ ਪਾਰਕ ਕੀਤੇ ਗਏ ਵਾਹਨ ਟੋਅ ਵੀ ਕੀਤੇ ਜਾ ਰਹੇ ਹਨ। ਨਿਗਮ ਵੱਲੋਂ ਬਣਾਈ ਗਈ ਤਜਵੀਜ ਮੁਤਾਬਿਕ ਮਾਲ ਰੋਡ ਵਿਖੇ 150 ਕਾਰ ਪਾਰਕਿੰਗ ਸਪੇਸਜ਼ ਹਨ। ਜਿੰਨ੍ਹਾਂ ਵਿੱਚ ਪੇਡ ਪਾਰਕਿੰਗ ਦੀ ਵਿਵਸਥਾ ਕੀਤੀ ਗਈ ਹੈ ਅਤੇ ਮਾਲ ਰੋਡ ਉਪਰ ਬਾਕੀ ਬਚਦੀਆਂ ਥਾਂਵਾਂ ਅਤੇ ਬਾਜਾਰਾਂ ਵਿੱਚ ਦੋ ਪਹੀਆ ਵਾਹਨਾਂ ਖਾਤਰ ਫਰੀ ਪਾਰਕਿੰਗ ਦੀ ਤਜਵੀਜ ਸੀ। ਜੇਕਰ ਕਿਸੇ ਚਾਰ ਪਹੀਆ ਵਾਹਨ ਚਾਲਕ ਵੱਲੋਂ ਉਕਤ ਦੋ ਪਹੀਆ ਵਾਹਨਾਂ ਖਾਤਰ ਬਣਾਈ ਗਈ ਪਾਰਕਿੰਗ ਸਪੇਸਜ਼ ਵਿੱਚ ਆਪਣੇ ਚਾਰ ਪਹੀਆ ਵਾਹਨਾਂ ਦੀ ਪਾਰਕਿੰਗ ਕੀਤੀ ਜਾਂਦੀ ਸੀ ਤਾਂ ਟੈਂਡਰ ਦੀਆਂ ਸ਼ਰਤਾਂ ਮੁਤਾਬਿਕ ਹੀ ਠੇਕੇਦਾਰ ਵੱਲੋਂ ਉਕਤ ਚਾਰ ਪਹੀਆ ਵਾਹਨ ਟੋਅ ਕਰ ਲਿਆ ਜਾਂਦਾ ਸੀ। ਇਸ ਸਬੰਧ ਵਿੱਚ ਬਠਿੰਡਾ ਵਪਾਰ ਮੰਡਲ ਵੱਲੋਂ ਆਪਣੀ ਦਰਖਾਸਤ ਮਿਤੀ 14.07.2023 ਰਾਹੀਂ ਇਹ ਮੰਗ ਕੀਤੀ ਗਈ ਹੈ ਕਿ ਮਾਲ ਰੋਡ ਵਿਖੇ ਬਣਾਏ ਗਏ ਡੈਡੀਕੈਟਡ ਪਾਰਕਿੰਗ ਸਪੇਸਜ਼ ਨੂੰ ਖਤਮ ਕੀਤਾ ਜਾਵੇ ਅਤੇ ਪੀਲੀ ਲਾਈਨ ਦੇ ਅੰਦਰ ਲਗਦੇ ਹਰੇਕ ਵਾਹਨ ਲਈ ਮੁਫਤ ਪਾਰਕਿੰਗ ਕੀਤੀ ਜਾਵੇ ਅਤੇ ਟੋਅ ਅਵੈ ਜ਼ੋਨ ਵੀ ਮੁੜ੍ਹ ਤੋਂ ਨਿਰਧਾਰਤ ਕੀਤੇ ਜਾਣ। ਇਸ ਸਬੰਧੀ ਹੇਠ ਲਿਖੀਆਂ ਤਜਵੀਜਾਂ ਤਿਆਰ ਕੀਤੀਆਂ ਗਈਆ ਹਨ:
<br><br>
<u>ਤਜਵੀਜ਼ ਨੰਬਰ 1 :</u> ਜੇਕਰ ਨਿਗਮ ਵੱਲੋਂ ਉਕਤ ਮੰਗਾਂ ਨੂੰ ਮੰਨ ਲਿਆ ਜਾਂਦਾ ਹੈ ਤਾਂ ਟੈਂਡਰ ਦੀ ਸ਼ਰਤ ਨੰਬਰ 21 ਅਤੇ 23 ਮੁਤਾਬਿਕ ਠੇਕੇਦਾਰ ਵੱਲੋਂ ਬੋਲੀ ਰਾਹੀਂ ਭਰੀ ਗਈ ਰਾਸ਼ੀ ਵਿੱਚ ਵੀ ਬਦਲਾਵ ਕਰਨ ਦੀ ਜਰੂਰਤ ਹੈ। ਮਾਲ ਰੋਡ ਵਿਖੇ ਰੋਡ ਸਾਈਡ ਪਾਰਕਿੰਗ ਨੂੰ ਛੱਡਦੇ ਹੋਏ ਚਾਰ ਅਜਿਹੇ ਸਪਾਟ ਵੀ ਹਨ, ਜਿੰਨ੍ਹਾਂ ਵਿੱਚ ਨਿਗਮ ਵੱਲੋਂ ਪਹਿਲਾਂ ਵੀ ਪਾਰਕਿੰਗ ਠੇਕੇ ਤੇ ਦਿੱਤੀ ਜਾਂਦੀ ਰਹੀ ਹੈ। ਉਕਤ ਚਾਰ ਸਪਾਟ ਵਿੱਚ ਪੇਡ ਪਾਰਕਿੰਗ ਰੱਖਣਾ ਹੀ ਯੋਗ ਹੋਵੇਗਾ। ਜਿਸ ਮੁਤਾਬਿਕ ਜਿੱਥੇ ਅਲਾਟ ਹੋਏ ਟੈਂਡਰ ਵਿੱਚ ਮਾਲ ਰੋਡ ਸਾਈਡ
</td>
<td></td>
</tr>
</table>

| | | | |
|---|---|---|---|
| | | ਪਾਰਕਿੰਗ ਵਿਖੇ 150 ਕਾਰਾਂ ਦੀ ਪੇਡ ਪਾਰਕਿੰਗ ਦੀ ਵਿਵਸਥਾ ਬਣਦੀ ਸੀ, ਉੱਥੇ ਇਹ ਪੇਡ ਪਾਰਕਿੰਗ ਦੀ ਵਿਵਸਥਾ ਘੱਟ ਕੇ ਹੁਣ 77 ਨੰਬਰ ਹੀ ਰਜਿ ਜਾਵੇਗੀ। ਜਿਸ ਮੁਤਾਬਿਕ ਨਿਗਮ ਵੱਲੋਂ ਅਲਾਟ ਕੀਤੇ ਹੋਏ ਟੈਂਡਰ ਦੀ ਰਿਜ਼ਰਵ ਕੀਮਤ 75.00 ਲੱਖ ਰੁਪਏ ਤੋਂ ਘੱਟ ਕੇ 52.14 ਲੱਖ ਰੁਪਏ ਰਹਿ ਜਾਵੇਗੀ। ਕਿਉਂ ਜੋ ਠੇਕੇਦਾਰ ਵਲੌਂ 75.00 ਲੱਖ ਰੁਪਏ ਦੇ ਰਿਜ਼ਰਵ ਕੀਮਤ ਦੀ ਬੋਲੀ ਨੂੰ 107.00 ਲੱਖ ਰੁਪਏ + ਜੀ.ਐਸ.ਟੀ. ਦੇ ਰੇਟ ਭਰਕੇ ਬੋਲੀ ਤੇ ਲਿਆ ਗਿਆ ਹੈ। ਇਸ ਮੁਤਾਬਿਕ ਠੇਕੇਦਾਰ ਵੱਲੋਂ ਰਿਜ਼ਰਵ ਕੀਮਤ ਤੋਂ 42.67% + ਜੀ.ਐਸ.ਟੀ. ਵੱਧ ਰੇਟ ਤੇ ਉਕਤ ਬੋਲੀ ਲਿੱਤੀ ਗਈ ਹੈ। ਇਸ ਮੁਤਾਬਿਕ ਘਟਾਈ ਗਈ ਪਾਰਕਿੰਗ ਸਪੇਸਜ਼ ਦੇ ਹਿਸਾਬ ਨਾਲ ਬਣਦੀ ਰਾਸ਼ੀ 52.14 ਲੱਖ ਰੁਪਏ + 42.67% = 74.39 ਲੱਖ ਰੁਪਏ +ਜੀ.ਐਸ.ਟੀ. ਬਣਦੀ ਹੈ।<br>ਤਜਵੀਜ਼ ਨੰਬਰ 2 : **Paid Parking inside Yellow line on Mall Road :** ਇਸ ਤਜਵੀਜ਼ ਮੁਤਾਬਿਕ ਜਿੱਥੇ ਠੇਕੇਦਾਰ ਨੂੰ ਮਾਲ ਰੋਡ ਤੇ ਬਰਮਾਂ ਉਪਰ ਸਥਿਤ 150 ਪਾਰਕਿੰਗ ਸਪੇਸਜ਼ ਦਾ ਠੇਕਾ ਦਿੱਤਾ ਗਿਆ ਹੈ, ਉੱਥੇ ਹੀ ਮਾਲ ਰੋਡ ਵਿਖੇ ਕੁੱਝ ਛੋਟੇ-ਛੋਟੇ ਹਿੱਸਿਆਂ ਵਿੱਚ ਗੱਡੀਆਂ ਦੀ ਪਾਰਕਿੰਗ ਕੀਤੀ ਜਾਣੀ ਸੰਭਵ ਹੈ, ਜਿਸ ਰਾਹੀਂ ਤਕਰੀਬਨ 30 ਕਾਰਾਂ ਹੋਰ ਪਾਰਕ ਕੀਤੀਆਂ ਜਾ ਸਕਦੀਆਂ ਹਨ ਐਤ ਉਕਤ ਥਾਂਵਾਂ ਨੂੰ ਚਲਾਉਣ ਖਾਤਰ 4 ਹੋਰ ਹੈਲਪਰ ਰੱਖੇ ਜਾਣ ਦੀ ਜਰੂਰਤ ਪਵੇਗੀ। ਜਿਸ ਮੁਤਾਬਿਕ ਨਿਗਮ ਵੱਲੋਂ ਅਲਾਟ ਕੀਤੇ ਹੋਏ ਟੈਂਡਰ ਦੀ ਰਿਜ਼ਰਵ ਕੀਮਤ 75.00 ਲੱਖ ਰੁਪਏ ਤੋ ਘੱਟ ਕੇ 74.52 ਲੱਖ ਰੁਪਏ ਰਹਿ ਜਾਵੇਗੀ। ਕਿਉਂ ਜੋ ਠੇਕੇਦਾਰ ਵੱਲੋਂ 75.00 ਲੱਖ ਰੁਪਏ ਦੇ ਰਿਜ਼ਰਵ ਕੀਮਤ ਦੀ ਬੋਲੀ ਨੂੰ 107.00 ਲੱਖ ਰੁਪਏ + ਜੀ.ਐਸ.ਟੀ. ਵੱਧ ਰੇਟ ਤੇ ਉਕਤ ਬੋਲੀ ਲਿੱਤੀ ਗਈ ਹੈ। ਇਸ ਮੁਤਾਬਿਕ ਘਟਾਈ ਗਈ ਪਾਰਕਿੰਗ ਸਪੇਸਜ਼ ਦੇ ਹਿਸਾਬ ਨਾਲ ਬਣਦੀ ਰਾਸ਼ੀ 74.52 ਲੱਖ ਰੁਪਏ + 42.67% = 106.32 ਲੱਖ ਰੁਪਏ + ਜੀ.ਐਸ.ਟੀ. ਬਣਦੀ ਹੈ, ਜੋ ਕਿ ਮੋਜੂਦਾ ਅਲਾਟਡ ਰਾਸ਼ੀ 107.00 ਲੱਖ ਰੁਪਏ + ਜੀ.ਐਸ.ਟੀ. ਦੇ ਤਕਰੀਬਨ ਬਰਾਬਰ ਬਣਦੀ ਹੈ।<br>ਕੇਸ ਐਫ.ਐਡ ਸੀ.ਸੀ. ਦੇ ਵਿਚਾਰ ਹਿੱਤ। | **ਕਿਉਂ ਜੋ ਨਗਰ ਨਿਗਮ ਵੱਲੋਂ ਬਣਾਈ ਇਸ ਨਵੀਂ ਮਲਟੀਲੇਵਲ ਕਾਰ ਪਾਰਕਿੰਗ ਨੂੰ ਠੇਕੇ ਤੇ ਦਿੱਤਿਆਂ ਅਜੇ ਥੋੜਾ ਹੀ ਸਮਾਂ ਹੋਇਆ ਹੈ। ਇਸ ਲਈ ਪਾਸ ਕੀਤਾ ਜਾਂਦਾ ਹੈ ਕਿ ਹਾਲ ਦੀ ਘੜੀ ਪਹਿਲਾਂ ਵਾਲੇ ਨਿਰਧਾਰਤ ਰੇਟਾਂ ਅਤੇ ਸ਼ਰਤਾਂ ਤੇ ਹੀ ਇਸ ਪਾਰਕਿੰਗ ਨੂੰ ਠੇਕੇਦਾਰ ਵੱਲੋਂ ਚਲਾਇਆ ਜਾਵੇ। ਲੋਕਾਂ ਦੀ ਸੁਵਿਧਾ ਲਈ ਠੇਕੇਦਾਰ ਵੱਲੋਂ ਪਹਿਲਾਂ ਹੀ ਦੋ ਈ-ਰਿਕਸ਼ਾ ਮੁਫਤ ਚਲਾਈਆਂ ਜਾ ਰਹੀਆਂ ਹਨ। ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਲੋਕਾਂ ਨੂੰ ਅਪਣੇ ਵਹੀਕਲ ਮਲਟੀਲੇਵਲ ਕਾਰ ਪਾਰਕਿੰਗ ਵਿੱਚ ਪਾਰਕ ਕਰਨ ਉਪਰੰਤ ਕੋਈ ਦਿੱਕਤ ਨਾ ਆਵੇ, ਇਸ ਲਈ ਹੋਰ ਦੋ ਈ-ਰਿਕਸ਼ਾ ਨਗਰ ਨਿਗਮ ਵੱਲੋਂ ਵੀ ਬਾਜਾਰਾਂ ਵਿੱਚ ਜਾਣ ਖਾਤਰ ਆਪਣੇ ਪੱਧਰ ਤੇ ਮੁਫਤ ਚਲਾਈਆਂ ਜਾਣ। ਇਸ ਸਬੰਧੀ ਦਫਤਰ ਵੱਲੋਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਜੇਕਰ ਭੱਵਿਖ ਵਿੱਚ ਫਿਰ ਵੀ ਆਮ ਪਬਲਿਕ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਆਉਂਦੀ ਹੈ ਤਾਂ ਉਸਨੂੰ ਦੂਰ ਕਰਨ ਖਾਤਰ ਕੋਈ ਤਜਵੀਜ ਬਣਾ ਕੇ ਐਫ.ਐਂਡ ਸੀ.ਸੀ. ਦੀ ਮੀਟਿੰਗ ਵਿੱਚ ਵਿਚਾਰ ਲਿਆ ਜਾਵੇਗਾ।** |
| 5 | 511 | ਏਜੰਡਾ ਨੰਬਰ 5 :<br>ਰਿਪੋਰਟ ਕਾਊ ਸੈਸ ਸ਼ਾਖਾ ਕਿ ਪੰਜਾਬ ਰਾਜ ਵਿੱਚ ਆਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਬਠਿੰਡਾ ਸ਼ਹਿਰ ਵਿੱਚ ਇੱਕ ਪਾਇਲਟ ਪ੍ਰੋਜੈਕਟ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਸਰਕਾਰ ਦੀਆਂ ਹਦਾਇਤਾਂ' ਅਨੁਸਾਰ ਸੈਨੀਟੇਸ਼ਨ ਸ਼ਾਖਾ ਵੱਲੋਂ ਸ਼ਹਿਰ ਵਿੱਚ ਅਵਾਰਾ ਪਸ਼ੂਆਂ ਦਾ ਸਰਵੇ ਕਰਵਾਇਆ ਗਿਆ ਹੈ। ਕਰਵਾਏ ਗਏ ਸਰਵੇ ਅਨੁਸਾਰ ਸ਼ਹਿਰ ਵਿੱਚ ਲਗਭਗ 3023 ਅਵਾਰਾ ਪਸ਼ੂ ਪਾਏ ਗਏ ਹਨ। ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਿਲ੍ਹਾ ਪਸ਼ੂ ਭਲਾਈ ਸੋਸਾਇਟੀ, ਬਠਿੰਡਾ (ਰਜਿ:) ਦੀ ਮਿਤੀ 28.06.2023 ਨੂੰ ਹੋਈ ਮੀਟਿੰਗ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਹੁਕਮ ਕੀਤੇ ਗਏ ਹਨ ਕਿ ਜਲਦੀ ਤੋਂ ਜਲਦੀ ਅਵਾਰਾ ਪਸ਼ੂਆਂ ਨੂੰ ਸ਼ਹਿਰ ਤੋਂ ਵੱਖ-ਵੱਖ ਗਊਸ਼ਾਲਾਵਾਂ ਵਿੱਚ ਸ਼ਿਫਟ ਕਰਨ ਦਾ ਕੰਮ ਜੰਗੀ ਪੱਧਰ ਤੇ ਕਰਵਾਇਆ ਜਾਵੇ ਅਤੇ ਇਸ ਦੀ ਰਿਪੋਰਟ ਦਫਤਰ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਰਿਪੋਰਟ ਭੇਜਣ ਲਈ ਆਖਿਆ ਗਿਆ ਹੈ।<br>ਉਕਤ ਕੰਮ ਸਬੰਧੀ ਪਹਿਲਾਂ ਰਾਜਸਥਾਨੀ ਲੇਬਰ ਅਤੇ ਟਰੱਕ ਆਦਿ ਕਿਰਾਏ ਤੇ ਲੈ ਕੇ ਕਰਵਾਇਆ ਜਾਂਦਾ ਹੈ। ਜਿਸ ਵਿੱਚ ਵੱਡੇ ਟਰੱਕਾਂ ਨੂੰ 6000/- ਰੁਪਏ ਪ੍ਰਤੀ ਚੱਕਰ (ਲੋਕਲ ਗੁਸ਼ਾਲਾਵਾਂ ਅਤੇ ਸਰਕਾਰੀ ਗਊਸ਼ਾਲਾ ਹਰਰਾਏਪੁਰ) ਅਤੇ ਰਾਜਸਥਾਨੀ ਲੇਬਰ ਪਸ਼ੂ ਪਕੜ੍ਹਨ ਲਈ 350/- ਰੁਪਏ ਪ੍ਰਤੀ ਪਸ਼ੂ ਦਿੱਤਾ ਜਾਂਦਾ ਸੀ। ਇੱਕ ਵੱਡੇ ਟਰੱਕ ਵਿੱਚ ਇੱਕ ਵਾਰੀ ਵਿੱਚ ਲਗਭਗ 18 ਪਸ਼ੂ ਆ ਸਕਦੇ ਹਨ। ਵੱਡੇ ਟਰੱਕ ਕਿਰਾਏ ਤੇ ਲੈਣ ਲਈ ਬਾਜਾਰ ਵਿੱਚੋਂ ਕੁਟੈਸ਼ਨਾਂ ਲਈਆਂ ਗਈਆਂ ਹਨ, ਜਿਸ ਵਿੱਚੋਂ Kuldeep Logistics (ਫਰਮ) ਦੇ ਰੇਟ ਸੱਭ ਤੋਂ ਘੱਟ ਹਨ। ਜੇਕਰ 500 ਪਸ਼ੂਆਂ ਨੂੰ ਗਊਸ਼ਾਲਾ ਸੰਤ ਮਹੇਸ਼ ਮੁਨੀ ਜੀ ਬੋਰੇ ਵਾਲੇ | |

| | | | |
|---|---|---|---|
| | | ਕਮੇਟੀ (ਰਜਿ:) ਬੜ੍ਹਿ ਸਿੱਖਾਂ ਵਾਲਾ (ਫਰੀਦਕੋਟ) ਭੇਜਿਆ ਜਾਂਦਾ ਹੈ ਤਾਂ ਟਰੱਕਾਂ ਦੇ ਲਗਭਗ 30 ਗੇੜੇ ਲੱਗਣਗੇ। ਟਰੱਕਾਂ ਤੇ ਕੁੱਲ 30 ਗੇੜ੍ਹੇ ਲਗੱਣ ਤੇ ਲਗਭਗ 3,00,000/- ਰੁਪਏ ਪ੍ਰਤੀ ਪਸ਼ੂ ਨਾਲ ਉਹਨਾਂ ਦਾ ਖਰਚਾ ਪੂਰਾ ਨਹੀਂ ਹੁੰਦਾ। ਇਸ ਵਿੱਚ ਲੇਬਰ ਜਿਆਦਾ ਲੱਗਦੀ ਹੈ। ਇਸ ਲਈ ਉਹਨਾਂ ਨੂੰ 450/- ਰੁਪਏ ਪ੍ਰਤੀ ਪਸ਼ੂ ਦਿੱਤਾ ਜਾਵੇ। ਇੱਥੇ ਇਹ ਦਸਣਯੋਗ ਹੈ ਕਿ ਪਿਛਲੀ ਵਾਰ ਵੀ ਰਾਜਸਥਾਨੀ ਲੇਬਰ ਵੱਲੋਂ ਵੱਧ ਲੇਬਰ ਮੰਗੀ ਗਈ ਸੀ, ਪਰ ਨਿਗਰਾਨ ਇੰਜੀਨੀਅਰ ਜੀ ਵੱਲੋਂ ਪੁਰਾਣੇ ਰੇਟ ਤੇ ਹੀ ਕੰਮ ਕਰਨ ਲਈ ਉਹਨਾਂ ਨੂੰ ਸਹਿਮਤ ਕਰ ਲਿਆ ਗਿਆ ਸੀ। ਰਾਜਸਥਾਨੀ ਲੇਬਰ ਨਾਲ ਦੁਬਾਰਾ ਗੱਲਬਾਤ ਕੀਤੀ ਗਈ। ਉਹਨਾਂ ਨੂੰ 400/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਸਹਿਮਤ ਕੀਤਾ ਗਿਆ ਹੈ। ਜੇਕਰ 500 ਪਸ਼ੂਆਂ ਨੂੰ ਪਕੜ੍ਹ ਕੇ ਗਊਸ਼ਾਲਾ ਸੰਤ ਮਹੇਸ਼ ਮੁਨੀ ਜੀ ਬੋਰੇ ਵਾਲੇ ਕਮੇਟੀ (ਰਜਿ:) ਵਿਖੇ ਛੱਡਿਆ ਜਾਂਦਾ ਹੈ ਤਾਂ ਇਸਤੇ 500 ਪਸ਼ੂਆਂ ਨੂੰ ਬਠਿੰਡਾ ਤੋਂ ਫਰੀਦਕੋਟ ਛੱਡਣ ਤੇ ਟਰੱਕਾਂ ਅਤੇ ਲੇਬਰ ਆਦਿ ਦਾ ਲਗਭਗ 5,00,000/- ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਇਹਨਾਂ ਪਸ਼ੂਆਂ ਨੂੰ ਇੱਕ ਜਗ੍ਹਾ ਤੇ ਇੱਕਠਾ ਕਰਕੇ ਸ਼ਿਫਟ ਕਰਨ ਲਈ ਪੁਰਾਣਾ ਤਰੀਕਾ ਵਰਤਿਆ ਜਾਵੇਗਾ, ਜਿਸ ਅਨੁਸਾਰ ਏਰੀਆ ਸੈਨਟਰੀ ਇੰਸਪੈਕਟਰ ਅਤੇ ਸੁਪਰਵਾਇਜ਼ਰ ਵੱਲੋਂ ਇਕ ਗੇਟ ਵਾਲੇ ਪਲਾਟ ਦੀ ਵਿਵਸਥਾ ਕਰਵਾਈ ਜਾਵੇਗੀ ਜਿਸ ਵਿੱਚ ਰਾਤ ਨੂੰ ਰਾਜਸਥਾਨੀ ਲੇਬਰ ਵੱਲੋਂ ਪਸ਼ੂਆਂ ਨੂੰ ਇੱਕਠਾ ਕੀਤਾ ਜਾਵੇਗਾ ਅਤੇ ਸਵੇਰੇ ਜਲਦੀ ਤੋਂ ਜਲਦੀ ਇਹਨਾਂ ਨੂੰ ਸ਼ਹਿਰ ਤੇ ਗਊਸ਼ਾਲਾ ਵਿੱਚ ਸ਼ਿਫਟ ਕੀਤਾ ਜਾਵੇਗਾ। ਇਹ ਕਿ ਉਕਤ ਰਾਜਸਥਾਨੀ ਲੇਬਰ ਅਤੇ ਟਰੱਕਾਂ ਵਾਲੇ ਨਗਦ ਪੈਸੇ ਲੈ ਕੇ ਕੰਮ ਕਰਦੇ ਹਨ। ਉਕਤ ਟਰੱਕਾਂ ਨੂੰ ਕਿਰਾਏ ਤੇ ਲੈਣ ਅਤੇ ਪ੍ਰਤੀ ਪਸ਼ੂ ਪਕੜ੍ਹਨ ਤੇ ਟਰੱਕਾਂ ਵਿੱਚ ਚੜ੍ਹਾਉਣ (ਲੱਦਣ) ਦੇ ਰੇਟ ਪ੍ਰਵਾਨ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| | | **ਇਸ ਉਪਰੰਤ ਮੀਟਿੰਗ ਵਿੱਚ ਪੇਸ਼ ਟੇਬਲ ਆਇਟਮ ਤੇ ਵਿਚਾਰ ਕੀਤਾ ਗਿਆ :** | |
| 6 | 512 | **ਏਜੰਡਾ ਨੰ: 1:**<br>ਰਿਪੋਰਟ ਸਟੋਰਕੀਪਰ ਕਿ ਨਿਗਮ ਦਫਤਰ ਦੀਆਂ ਵੱਖ-ਵੱਖ ਬਰਾਂਚਾ ਲਈ ਆਲ ਇੰਨ ਵਨ ਕੰਪਿਊਟਰਾਂ ਦੀ ਖਰੀਦ ਕਰਨ ਸਬੰਧੀ ਟੈਂਡਰ GEM PORTAL ਉਪਰ ਮਿਤੀ 27.06.2023 ਨੂੰ ਲਗਾਏ ਗਏ ਸਨ। ਮਿਤੀ 10.03.2023 ਨੂੰ ਟੈਕਨੀਕਲ ਬਿੱਡ ਖੋਲਣ ਉਪਰੰਤ ਚਾਰ ਫਰਮਾਂ ਯੋਗ ਪਾਈਆਂ ਗਈਆਂ ਸਨ। ਟੈਕਨੀਕਲ ਬਿੱਡ ਖੋਲਣ ਉਪਰੰਤ ਦੇ Gem Dealer ਦੇ ਰੇਟ ਸੱਭ ਤੋਂ ਘੱਟ 7,51,980/- ਰੁਪਏ ਪ੍ਰਾਪਤ ਹੋਏ ਸਨ। ਪਰੰਤੂ ਉਕਤ ਫਰਮ GEM PORTAL ਉਪਰ Suspended show ਹੋ ਰਹੀ ਸੀ। ਇਸ ਲਈ ਸਬੰਧਤ ਫਰਮ Gem Dealer ਨੂੰ ਸਪਲਾਈ ਆਰਡਰ ਜਾਰੀ ਨਹੀਂ ਕੀਤਾ ਗਿਆ ਸੀ। ਇਸ ਕੰਮ ਵਿੱਚ ਦੂਸਰੇ ਸੱਭ ਤੋਂ ਘੱਟ ਰੇਟ North India Computer ਦੇ ਪ੍ਰਾਪਤ ਹੋਏ ਸਨ, ਜੋ ਕਿ 7,60,000/- ਰੁਪਏ ਸਨ।L-2 ਉਪਰ ਫਰਮ North India Computer ਨੂੰ ਇਸ ਦਫਤਰ ਦੇ ਪੱਤਰ ਨੰਬਰ 198 ਮਿਤੀ 24.07.2023 ਰਾਹੀਂ ਰੇਟ ਘੱਟ ਕਰਨ ਲਈ ਲਿਖਿਆ ਗਿਆ ਸੀ। ਕਿਉਂਕਿ ਜੇਕਰ ਕੰਮ ਦਾ ਦੁਬਾਰਾ ਟੈਂਡਰ ਕਾਲ ਕੀਤਾ ਜਾਂਦਾ ਹੈ ਤਾਂ ਕਾਫੀ ਸਮਾਂ ਟੈਂਡਰ ਪ੍ਰੋਸੈਸਿੰਗ ਵਿੱਚ ਲੰਘ ਜਾਣਾ ਸੀ। ਉਕਤ ਪੱਤਰ ਦੇ ਜਵਾਬ ਵਿੱਚ North India Computer ਵੱਲੋਂ ਈ-ਮੇਲ ਰਾਹੀਂ ਪੱਤਰ ਪ੍ਰਾਪਤ ਹੋਇਆ ਹੈ ਕਿ ਉਕਤ ਫਰਮ ਇਹ ਸਪਲਾਈ 7,51,000/- ਰੁਪਏ ਵਿੱਚ ਦੇਣ ਲਈ ਤਿਆਰ ਹੈ। ਇਹ ਰੇਟ L-1 ਵੱਲੋਂ ਭਰੇ ਰੇਟਾਂ ਤੋਂ ਵੀ ਘੱਟ ਹਨ। ਸੋ, North India Computer ਦੇ ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

**ਆਖੀਰ ਵਿੱਚ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**